ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ
ਐਸ.ਸੀ.ਓ.ਨੰ: 104-104, ਦੂਜੀ ਮੰਜਿਲ, ਸੈਕਟਰ-34 ਏ, ਚੰਡੀਗੜ੍ਹ ।

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) (ਵੈਬ ਸਾਈਟ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ) ( ਵੈਬ ਸਾਈ ਰਾਹੀਂ)

ਮੀਮੋ ਨੰ: ਏ.ਐਸ.ਪੀ.ਡੀ/ਐਚ.ਆਰ/36727-70
ਮਿਤੀ,ਚੰਡੀਗੜ੍ਹ: 11-05-10

ਵਿਸ਼ਾ: ਟੀਚਿੰਗ ਫੈਲੋਜ ਅਤੇ ਸਿੱਖਿਆ ਸਰਵਿਸ ਪ੍ਰੋਵਾਈਡਰ ਦੀ ਬਦਲੀਆਂ ਸਬੰਧੀ ਆਰਜੀ ਲੈਣ ਬਾਰੇ।

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨਾਲ ਮਿਤੀ 8.5.2010 ਨੂੰ ਹੋਈ ਮੀਟਿੰਗ ਵਿੱਚ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਟੀਚਿੰਗ ਫੈਲੋਜ਼ ਅਤੇ ਸਿੱਖਿਆ ਸਰਵਿਸ ਪ੍ਰੋਵਾਈਡਰ ਦੀ ਬਦਲੀਆਂ ਬਾਰੇ ਸਰਕਾਰ ਵਲੋਂ ਜੋ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਉਹ ਫੀਲਡ ਵਿੱਚ ਸਮੇਂ ਸਿਰ ਪ੍ਰਾਪਤ ਨਹੀਂ ਹੋਈਆਂ ਅਤੇ ਇਸ ਕਰਕੇ ਹੋ ਸਕਦਾ ਹੈ ਕਿ ਟੀਚਿੰਗ ਫੈਲੋਜ/ਸਿੱਖਿਆ ਸਰਵਿਸ ਪ੍ਰੋਵਾਈਡਰ ਸਾਇਦ ਸਰਕਾਰ ਦੁਆਰਾ ਮਿਥੀ ਗਈ ਮਿਤੀ 10.5.2010 ਤੱਕ ਆਪਣੀਆਂ ਆਰਜੀਆਂ ਨਾ ਦੇ ਸਕਣ । ਸਮੂਹ ਜ਼ਿਲ੍ਹਿਆਂ ਸਿੱਖਿਆ ਅਫਸਰਾਂ ਵਲੋਂ ਸੁਝਾਅ ਦਿੱਤਾ ਹੈ ਕਿ ਇਸ ਮਿਤੀ ਨੂੰ 10.5.2010 ਤੋਂ 15.5.2010 ਸਿਰਫ ਟੀਚਿੰਗ ਫੈਲੋਜ/ਸਿੱਖਿਆ ਸਰਵਿਸ ਪ੍ਰੋਵਾਈਡਰ ਦੀ ਬਦਲੀਆਂ ਸਬੰਧੀ ਅਰਜੀਆਂ ਦੇਣ ਵਾਸਤੇ ਵਧਾ ਦਿੱਤੀ ਜਾਵੇ ।

3.0 ਇਹ ਮੁੱਦਾ ਟੈਲੀਫੋਨ ਤੇ ਮਾਨਯੋਗ ਸਿੱਖਿਆ ਮੰਤਰੀ ਜੀ ਨਾਲ ਵਿਚਾਰਿਆ ਗਿਆ ਹੈ ਅਤੇ ਉਹਨਾਂ ਵਲੋਂ ਦਿੱਤੀ ਗਈ ਸਹਿਮਤੀ ਦੇ ਮੱਦੇਨਜ਼ਰ ਸਮੂਹ ਜ਼ਿਲ੍ਹਿਆਂ ਸਿੱਖਿਆ ਅਫਸਰਾਂ ਵਲੋਂ ਦਿੱਤੇ ਗਏ ਸੁਝਾਅ ਨੂੰ ਪ੍ਰਵਾਨ ਕੀਤਾ ਗਿਆ ਹੈ। ਇਸ ਤਰ੍ਹਾਂ ਸਮੂਹ ਟੀਚਿੰਗ ਫੈਲੋਜ/ਸਿੱਖਿਆ ਸਰਵਿਸ ਪ੍ਰੋਵਾਈਡਰ ਦੀਆਂ ਬਦਲੀਆਂ ਸਬੰਧੀ ਆਰਜੀਆਂ 15.5.2010 ਤੱਕ ਲੈ ਲਈਆਂ ਜਾਣ ਅਤੇ ਇਸ ਉਪਰੰਤ ਸਰਕਾਰ ਦੁਆਰਾ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਬਦਲੀਆਂ ਕੀਤੀਆਂ ਜਾਣ ।

ਡੀ.ਜੀ.ਐਸ.ਈ

ਪਿੱਠ ਅੰਕਣ ਨੰ: 36727-70 ਮਿਤੀ,ਚੰਡੀਗੜ੍ਹ 11-05-10

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ।

1. ਮਾਨਯੋਗ ਸਿੱਖਿਆ ਮੰਤਰੀ
2. ਮਾਨਯੋਗ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ
3. ਡੀ.ਪੀ.ਆਈ(ਸੈ.ਸਿ)
4. ਡੀ.ਪੀ.ਆਈ(ਐ.ਸਿ)

ਡੀ.ਜੀ.ਐਸ.ਈ